ੴ ਸਤਿਗੁਰ ਪ੍ਰਸਾਦਿ॥

## ਸਲੋਕ ਮਹਲਾ ੧॥

ਜਿਤੁ ਦਰ ਲਖ ਮੁਹੰਮਦਾ, ਲਖ ਬ੍ਰਹਮੇ ਬਿਸ਼ਨ ਮਹੇਸ਼।
ਲਖ ਲਖ ਰਾਮ ਵਡੀਰੀਅਹਿ, ਲਖ ਰਾਹੀ ਲਖ ਵੇਸ।
ਲਖ ਲਖ ਓਥੇ ਜੱਤੀਆ, ਤੇ ਸਨਿਆਸੀਆਂ।
ਲਖ ਲਖ ਓਥੇ ਗੋਰਖਾਂ, ਲਖ ਲਖ ਨਾਥਾਂ ਨਾਥ।
ਲਖ ਲਖ ਓਥੇ ਆਸਨਾ, ਗੁਰ ਚੇਲੇ ਰਹ ਰਾਸਿ।
ਲਖ ਲਖ ਦੇਵੀ ਦੇਵਤੇ, ਦਾਨੂ ਲਖ ਨਿਵਾਸ।
ਲਖ ਪੀਰ ਪਿਕੰਬਰ ਅਉਲੀਏ, ਲਖ ਕਾਜ਼ੀ ਮੁਲਾ ਸ਼ੇਖ।

ਕਿਸੇ ਸਾਂਤ ਨ ਆਈਆ, ਬਿਨ ਸਤਿਗੁਰ ਕੇ ਉਪਦੇਸ।
ਸਾਧਕ ਸਿਧ ਅਗਨਤ ਹੈ, ਕੇਤੇ ਲਖ ਅਪਾਰ।
ਏਤੜਿਆਂ ਅਪਵਿਤੁ ਹੈ, ਬਿਨ ਸਤਿਗੁਰ ਕੇ ਸ਼ਬਦ ਵਿਚਾਰ।
ਸਿਰ ਨਾਥਾਂ ਕੇ ਏਕ ਨਾਥੁ, ਸਤਿਨਾਮ ਕਰਤਾਰੁ।
ਨਾਨਕ ਤਾ ਕੀ ਕੀਮਤ ਨ ਪਵੈ ਬੇਅੰਤ ਬੇਸ਼ੁਮਾਰ॥੧॥
ਏਸ ਕਲਿਉ ਪੰਜ ਭੀਤੀਉ, ਕਿਉਂਕਰ ਰਖਾਂ ਪਤਿ।
ਜੇ ਬੋਲਾਂ ਤਾਂ ਆਖੀਐ, ਬੜ ਬੜ ਕਰੇ ਬਹੁਤੁ।
ਚੁਪ ਕਰਾਂ ਤਾਂ ਆਖੀਐ, ਇਤੁ ਘਟਿ ਨਾਹੀ ਮਤੁ।
ਜੋ ਬਹ ਰਹਾਂ ਆਖੀਐ, ਬੈਠਾ ਸਥਰੁ ਘਤਿ।
ਉਠਿ ਜਾਈ ਤਾਂ ਆਖੀਐ, ਛਾਰੁ ਗਇਆ ਸਿਰ ਘਤਿ।
ਜੇ ਨਿਵਾਂ ਤਾਂ ਆਖੀਐ, ਡਰਦਾ ਕਰਦੇ ਭਗਤਿ।
ਕਾਈ ਗਲ ਨ ਮੇਵਣੀ ਜਿਥੇ ਕਢਾਂ ਝਤਿ।
ਏਥੈ ਓਥੈ ਨਾਨਕਾ ਕਰਤਾ ਰਖੈ ਪਤਿ॥੨॥
ਦਿਸ਼ਟਿ ਨ ਰਹੀ ਨਾਨਕਾ ਰਹਿਆ ਵਾਰਿ ਵਰਜਿ।
ਦਿਸਟਿ ਵਿਚਾਰੀ ਕਿਆ ਕਰੇ ਖਾਦਾ ਲੋੜੈ ਰਜਿ।
ਰਜਿ ਖਾਉਂ ਜੇ ਪੰਜਾ ਮਾਰੈ ਗੁਰਮੁਖ ਰਹੈ ਸਹਜਿ।
ਭਰਿਆ ਭਾਂਡਾ ਉਛਲੈ ਭੈ ਵਿਚ ਰਖਹੁ ਕਜਿ।
ਸਾਹਿਬ ਦੇ ਦਰਿ ਅਛਾ ਪੁਣੀਐ ਛੁਟਹੁਗੇ ਕਿਤੁ ਪਜਿ।
ਘਣੀ ਨਿਪਗਿ ਨਾਨਕ ਛਿੰਝ ਪਈ ਦੂਵਜਿ॥੩॥

੧ਓ ਸਤਿਗੁਰੂ ਪ੍ਰਸਾਦਿ।
ਸਲੋਕ ਮਹਲੇ ਪਹਿਲੇ ਕੇ॥੧॥
ਗੋਸ਼ਟ ਮਲਾਰ ਨਾਲ ਹੋਈ।

ਬਾਇ ਆਤਿਸ਼ ਆਬ ਖਾਕ ਇਨਾ ਜਾਤੀ ਬਝਸੀ।
ਉਮਤਿ ਪੈਦੇ ਪੰਜਿ ਟੋਲ ਹਦਰਥ ਪਾਕ ਖੁਦਾਇ।

ਜੇਕਰ ਵੱਡੀ ਛਾਲ ਦੇਇ ਭੀ ਫਿਰ ਧਰਤੀ ਪਾਹਿ।
ਜੇਕਰ ਉਡੇ ਪੰਖਣੁ ਪਾਣੀ ਪਉਣ ਰਜਾਇ।
ਸੇ ਕਿਸੁ ਜੇਵਡੁ ਆਖੀਐ ਕਿਸ ਨੋ ਪੁਛਾ ਜਾਇ।
ਵਡੀ ਵਡਾ ਵਡੁ ਮੇਦਨੀ ਹਉਮੈ ਕਰਿ ਕਰਿ ਰਜਾਇ।
ਪੁਛੈ ਚਾਰੇ ਬੇਦ ਮੈ ਲੇਖੈ ਅੰਤੁ ਨ ਪਾਇ।
ਚਾਰ ਕਤੇਬਾਂ ਪੁਛੀਆਂ ਕੀਮਤ ਕਹਣ ਨ ਜਾਇ।
ਨਵਖੰਡ ਪੁਛੇ ਮੇਦਨੀ ਇਕ ਦੂ ਇਕ ਚੜਾਉ।
ਸ਼ਾਇਰ ਸਭ ਢੰਢੋਲਿਆ ਬੋਹਥੁ ਦਿਲ ਦਰਿਆਉ।
ਨਦੀਆਂ ਨਾਲੇ ਵਸਿਆ ਅਠ ਸਠ ਤੀਰਥ ਨਾਇ।
ਵਣ ਤ੍ਰਿਣ ਤ੍ਰਿਭਵਣ ਵਸਿਆ ਕਉੜਾ ਮਿਠਾ ਖਾਇ।
ਸਪਤ ਪਾਤਾਲਾਂ ਦੇਖਿਆਂ ਅਸਮਾਣੀ ਅਸਮਾਣੁ।
ਨਾਨਕ ਭਉ ਕਰਣੀ ਜੇ ਮਿਲੈ ਸਚ ਰਹੈ ਈਮਾਣੁ॥੧॥
ਵੀਰ ! ਸਲਾਮਲੇਖੁ ਬਰਾਂ ਖ਼ੁਦਾਇ ਸਚਉ ਦਰਗਹ ਕਿਤ ਵਿਸੇਖੁ।
ਜਿਹਾ ਬੀਜੇ ਸੁ ਲੁਣੇ ਹਕਮੀ ਮਿਲੈ ਸੁ ਖਾਇ।
ਨਾਨਕ ਸਚੇ ਨਾਮ ਬਿਨੁ ਬਧਾ ਦੁਖ ਸਹਾਇ॥੨॥
ਖਾਲਿਕ ਕੂ ਸੁਬਹਾਨੁ ਗੋਰ ਨਿਮਾਨੀ ਅੰਧਗੀ ਕੁਦਰਤਿ ਕੇ ਨੀਸਾਣੁ॥
ਆਇ ਹੁਕਮੀ ਫ਼ਰੇਸਤੇ ਕੁਦਰਤ ਕੇ ਅਉਗਾਨ।
ਤਰਗਸ ਗੁਰਜਾ ਛਹਵੀਆਂ ਖੰਨੇ ਹਥ ਕਮਾਨ।
ਸਾਂਗਾਂ ਸਿਪਰਾਂ ਆਤਸ਼ੀ ਪਵਨਿ ਗਲੀ ਜ਼ੰਜੀਰ।
ਹੁਕਮੀ ਬੰਨ ਚਲਾਇਆ ਨਿੰਦਕ ਜਿਉ ਬੇ ਪੀਰ।
ਨਾਨਕ ਦਰਗਹ ਮੰਨੀਐ ਸਚੁ ਨਾਮੁ ਕਲ ਧੀਰ।
ਸਿੰਘ ਸਿਆਲਹੁ ਸਰਪਹੁ–ਡਰਪਹੁ, ਸੋ ਘਰ ਕੀਨਾ ਗੋਰ।
ਧਟੈ ਖਉਰੂ ਕਰਿ ਗਏ, ਦੁਸ਼ਮਣ ਠਡੈ ਵੈਰ।
ਭਾਈ ਸਕੇ ਮੁਹਬਤੀ ਜੇਹੜੇ ਫ਼ਾਤਿਆ ਦੇਨਿ ਦੁਆਈ।
ਨਾਨਕ ਗਲਾਂ ਕੂੜੀਆਂ ਸੱਚਾ ਏਕ ਖ਼ੁਦਾਇ॥੪॥

ਗੁਨਹੀ ਸੰਦੀ ਪੋਟਲੀ ਚੁਕਿ ਨ ਸਕਾਂ ਭਾਰੁ।
ਅਗੇ ਡੂੰਰਗ ਧੁੰਧਲੀ ਪਿਛੇ ਸਿਰਿ ਜੰਦਾਰੁ।
ਆਗੇ ਸਾਗਰ ਆਤਸ਼ੀ ਕਿਉ ਕਰ ਉਤ੍ਰਾਂ ਪਾਰ।
ਕਉਏ ਮਾਰਰਿ ਸੀਸ ਚੜਿ ਵਰਖਨਿ ਜਿਉ ਅੰਗਿਆਰ।
ਨਾਨਕ ਕਿਥੈ ਛੁਟੀਐ ਹੁਕਮੀ ਹੋਵੈ ਮਾਰ॥੫॥
ਚਸਮੇ ਕਢੇ ਅਉਗਣੀ ਅੰਧ ਕੋਰ ਅੰਧਿਆਰੁ।
ਕੰਨੀ ਕੋਲੂ ਪੀੜੀਐ ਨਾਸੀ ਗੰਧ ਗੁਬਾਰ।
ਜੀਭ ਕਟਾਏ ਕਉਲ ਸਿਰਿ ਸਚ ਵਿਸਾਰਣਹਾਰੁ।
ਕੋਪੁਰ ਉਤੈ ਢਾਢੜੀ ਜਲਤੀ ਕਰੇ ਪੁਕਾਰਿ।
ਤਿਸਨਾ ਰਖਿ ਨ ਸਕਈ ਬੇਪੀਰ ਗਾਵਾਰ।
ਅਉਗਣ ਗੁਣੀ ਬਕਸੀਅਨਿ ਨਾਨਕ ਜੋਈ ਸਾਰੁ॥੬॥
ਜਿਉ ਤਿਲ ਤਾਵਣਿ ਪੀੜੀਅਹਿ ਪਿੰੜੇ ਤੰਦ ਚੜ੍ਹਾਇ।
ਕਾਂਗਲ ਵਾਂਙੀ ਕੁਟੀਆ ਮੁੰਗਲੀਏ ਇਸਕੁ ਚੜਾਇ।
ਲੋਹੇ ਵਾਂਗੀ ਤਾਂਈਆਂ ਭਖੇ ਤੇ ਬਿਲ ਲਾਇ।
ਸੰਨੀ ਪਕੜਿ ਚਲਾਈਐ ਅਹਰਣਿ ਸਿਰਿ ਵਿਚਾਰੁ।
ਘਣੀਅਰੁ ਮਾਰੇ ਤਿਤੁ ਤਾਲਿ ਜਿਉ ਕਰੇ ਲੁਹਾਰ॥
ਨਾਨਕ ਸਚੇ ਨਾਮ ਬਿਨ ਨ ਉਰਵਾਰਿ ਨਾ ਪਾਰਿ॥੭॥
ਪੈਰੀਂ ਕੰਡੇ ਸਾਰ ਦੇ ਸਿਰ ਤਪੈ ਆਕਾਸ।
ਪਤਾਲੋਂ ਪਤਿ ਉਤਰੈ ਪਰ ਤ੍ਰਿਆ ਰਤਾ ਮਾਸਿ।
ਥੰਮਾਂ ਨਾਲਿ ਲਗਾਈਐ ਕੋਇ ਨਾ ਆਵੈ ਪਾਸਿ।
ਭੀ ਫਿਰ ਲਾਇ ਵਿਛੋੜੀਐ ਤੋਬਾ ਕਰੇ ਫਿਰਿਯਾਦਿ।
ਅਉਗਣਆਰੇ ਨਾਨਕਾ ਸਕੋ ਕੋਈ ਵਾਦਿ॥੮॥
ਭੱਟੀ ਅੰਦਰਿ ਪਾਈਆ ਮਿਲੀ ਅਗਨਿ ਸਲਾਇ।
ਬਾਲੂ ਰੇਤ ਭਖਾਈਆ ਦਿਚੈ ਅਗਨਿ ਜਲਾਇ।
ਅੰਦਰ ਭੁਜੇ ਧਾਣ ਜਿਉ ਤੜਫੜੇ ਤੇ ਬਿਲਲਾਇ।

ਆਪਿ ਬਖ਼ਸ਼ੇ ਨਾਨਕਾ ਕਿਸ ਨੂੰ ਕਹੀਐ ਜਾਇ॥੯॥
ਇਖੂ ਜਿਵੇਂ ਰਸ ਕਢੀਐ ਸਭ ਸਿਰਿ ਆਈਆ ਭਾਰਿ।
ਖਾਣਾ ਪੀਣਾ ਪਹਿਨਣਾ ਮਨ ਕੀ ਖ਼ੁਸ਼ੀ ਖ਼ੁਆਰ।
ਮਨ ਥਉ ਲੇਖਾ ਮੰਗੀਐ ਜਿਨਿ ਕੀਤਾ ਵਾਪਾਰ।
ਹਥਾਂ ਪੈਰਾਂ ਚਾਕਰੀ ਕਰ ਫੁਰਮਾਇ ਕਾਰ।
ਜੀਭ ਪੁਕਾਰੇ ਦਰ ਖੜੀ ਚਖਿ ਖਖਿ ਸੁਆਦ ਬਿਕਾਰ।
ਕੰਨ ਦੇਨ ਉਗਾਹੀਆਂ ਮਨੁ ਝੂਠਾ ਕੂੜਿਆਰ।
ਨਾਸਾਂ ਲੋਇਣ ਮੁਕਰੇ ਅੰਧੇ ਦੇ ਸਿਰਿ ਮਾਰ।
ਇੰਦ੍ਰੀ ਸਭ ਜਗ ਮੋਹਿਆ, ਬਾਧਾ ਜਮ ਦੁਆਰਾ।
ਕਾਰਿਲਿ ਝਰਿ ਵਿਧਨਿ ਸੁਟਿਆ ਆਰਣ ਜਿਉ ਲੁਹਰਿ।
ਨਾਨਕ ਸਤਿਗੁਰ ਸਹਿਜ ਨ ਭੇਟਿਆ ਨ ਓਰਵਾਰਿ ਨ ਪਾਰਿ॥੧੦॥
ਸਤਰਿ ਵੇਰਾਂ ਰੇਤੀਐ ਤੀਰ ਜਿਵੇਂ ਕਲਬੂਤ।
ਸੋਨਾ ਵਾਂਗਾ ਢਾਲੀਐ ਸਹਿਜ ਇਹੁ ਕਮੁ ਕੀਤੁ।
ਘੋੜੇ ਵਾਂਙੀ ਫੁਲਾਇਆ ਅਜਗਰੁ ਜੀਨੁ ਸੁਹਾਇ।
ਨਾਨਕ ਖਧਾ ਕਾਲ ਕਾ ਫਿਰਿ ਫਿਰਿ ਆਵੈ ਜਾਇ॥੧੧॥
ਜਲ ਥਲ ਦੁਸ਼ਮਨਿ ਕੇਤੜੇ ਵਣਿ ਤ੍ਰਿਣ ਮਾਰਨ ਹਾਰ।
ਘਰ ਘਰ ਵੈਰੀ ਨਾਨਕਾ ਸਚੀ ਸੁਰਤ ਅਪਾਰ॥੧੨॥
ਤ੍ਰੈ ਜਮ ਜੋਹਿਨਿ ਲੋਇਣੀ ਕਰਤ ਨੇਤ੍ਰ ਵਿਕਰਾਲੁ
ਸਭ ਜਗ ਤਿਸਕਾ ਭਖੁ ਹੈ ਨਿਰਦਇਆ ਜਮਕਾਲੁ।
ਨਾਨਕ ਪਕੜ ਚਲਾਇਆ ਹੁਕਮੀ ਹੁਕਮ ਵੀਚਾਰੁ।
ਇਹੁ ਤਨੁ ਅਗੇ, ਤੂ ਖਸਮ, ਤੂ ਰਖਹਿ, ਤੂ ਮਾਰਿ॥੧੩॥
ਮਾਤ ਪਿਤਾ ਨ ਬੰਧਪੋ ਨ ਬਈਅਰ ਨ ਵੀਰ।
ਨਾ ਸੁਤ ਨ ਲਖਸੀ ਕਿਓ ਕਰ ਬਧਾ ਧੀਰ।
ਨ ਤਰਗਸ ਨ ਧਨਖੜੋ ਨ ਸਿਪਰ ਤਲਵਾਰ।
ਤਪੇ ਕੜਾਹਾ ਅਹਿਨਿਸਿ ਦੇਖਹੁ ਗੁਰ ਬੀਚਾਰੁ॥੧੪॥

ਧਰਮ ਘੋੜਾ ਸਤ ਜੀਨੁ ਕਰ ਜਤ ਕੀ ਪਾਖਰ ਸਾਨ।
ਪੰਜ ਤਤ ਸਰ ਬਾਣੁ ਖਗ ਸਿਪਰ ਸਚ ਨਿਦਾਨ।
ਨਾਨਕ ਗੁਰਮੁਖ ਸਚੁ ਮਨਿ ਦਰਗਹ ਪਾਵਹਿ ਮਾਨ॥੧੫॥
ਬ੍ਰਹਮਾ ਆਇ ਨ ਆਖਸੀ ਵੇਦ ਪੜ੍ਹੇ ਮੁਖ ਚਾਰਿ।
ਕਿਸਨ ਕਿਸੰਦਾ ਬਪੁੜਾ ਜਿ ਹੁਕਮਿ ਲਏ ਅਉਤਾਰੁ।
ਸਿਉ ਸਾਲਾਹਿਨਿ ਦਰ ਖੜੇ ਦੇਵੀ ਦੇਵ ਅਸੰਖ।
ਅਪੁਨਾ ਹੋਇ ਤ ਝੂਰਿ ਮਰਾਂ ਸਚ ਸਦਾ ਬਖਸੰਦ॥੧੬॥